# ਭਾਰਤ-ਕੁਵੈਤ ਵਿਦੇਸ਼ ਦਫਤਰ ਸਲਾਹ-ਮਸ਼ਵਰੇ (ਐੱਫ਼ਓਸੀ)

02 ਮਈ, 2023

ਪੰਜਵੀਂ ਭਾਰਤ-ਕੁਵੈਤ ਵਿਦੇਸ਼ ਦਫ਼ਤਰ ਸਲਾਹ-ਮਸ਼ਵਰੇ (ਐੱਫਓਸੀ) ਦੀ ਮੀਟਿੰਗ 02 ਮਈ 2023 ਨੂੰ ਨਵੀਂ ਦਿੱਲੀ ਵਿਖੇ ਹੋਈ। ਭਾਰਤੀ ਵਫ਼ਦ ਦੀ ਅਗਵਾਈ ਵਿਦੇਸ਼ ਮੰਤਰਾਲੇ ਦੇ ਸੰਯੁਕਤ ਸਕੱਤਰ (ਖਾੜੀ) ਸ਼੍ਰੀ ਵਿਪੁਲ ਨੇ ਕੀਤੀ। ਕੁਵੈਤ ਦੇ ਏਸ਼ੀਆ ਮਾਮਲਿਆਂ ਦੇ ਸਹਾਇਕ ਵਿਦੇਸ਼ ਮੰਤਰੀ (ਏਐੱਫਐੱਮ), ਐੱਚ.ਈ. ਰਾਜਦੂਤ ਸਮੀਹ ਈਸਾ ਜੌਹਰ ਹਯਾਤ ਨੇ ਕੁਵੈਤੀ ਵਫ਼ਦ ਦੀ ਅਗਵਾਈ ਕੀਤੀ। ਦੋਵਾਂ ਦੇਸ਼ਾਂ ਦੇ ਰਾਜਦੂਤਾਂ ਸਮੇਤ ਹੋਰ ਮੰਤਰਾਲਿਆਂ ਦੇ ਅਧਿਕਾਰੀਆਂ ਨੇ ਵੀ ਐਫਓਸੀ ਵਿੱਚ ਹਿੱਸਾ ਲਿਆ।

2. ਏਐੱਫਐੱਮ ਨੇ ਵਿਦੇਸ਼ ਮਾਮਲਿਆਂ ਅਤੇ ਸੱਭਿਆਚਾਰ ਬਾਰੇ ਰਾਜ ਮੰਤਰੀ ਸ਼੍ਰੀਮਤੀ ਮੀਨਾਕਸ਼ੀ ਲੇਖੀ ਨੂੰ ਵੀ ਬੁਲਾਇਆ। ਉਹਨਾਂ ਨੇ ਦੋਵਾਂ ਦੇਸ਼ਾਂ ਦਰਮਿਆਨ ਇਤਿਹਾਸਕ ਤੇ ਦੋਸਤਾਨਾ ਸਬੰਧਾਂ ਨੂੰ ਯਾਦ ਕੀਤਾ ਤੇ ਸਬੰਧਾਂ ਨੂੰ ਹੋਰ ਮਜ਼ਬੂਤ ਅਤੇ ਵਿਭਿੰਨਤਾ ਭਰਭੂਰ ਬਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਏਐਫਐਮ ਨੇ ਕੁਵੈਤ ਦੇ ਵਿਦੇਸ਼ ਮਾਮਲਿਆਂ ਦੇ ਮੰਤਰੀ ਐਚ.ਈ. ਸ਼ੇਖ ਸਲੇਮ ਅਬਦੁੱਲਾ ਅਲ-ਜਾਬਰ ਅਲ-ਸਬਾਹ ਦਾ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨੂੰ ਸੰਬੋਧਿਤ ਪੱਤਰ ਸੌਂਪਿਆ।

3. ਐੱਫਓਸੀ ਦੌਰਾਨ, ਦੋਵਾਂ ਧਿਰਾਂ ਨੇ ਦੁਵੱਲੇ ਸਹਿਯੋਗ ਦੇ ਵੱਖ-ਵੱਖ ਪਹਿਲੂਆਂ ਦੀ ਵਿਆਪਕ ਸਮੀਖਿਆ ਕੀਤੀ ਤੇ ਆਪਸੀ ਹਿੱਤਾਂ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ। ਜਿਸ ਵਿੱਚ ਉੱਚ-ਪੱਧਰੀ ਦੌਰਿਆਂ ਦੀ ਮਹੱਤਤਾ, ਖਾਸ ਤੌਰ 'ਤੇ ਈਏਐੱਮ/ਐੱਫਐੱਮ ਪੱਧਰ 'ਤੇ ਸੰਯੁਕਤ ਮੰਤਰੀ ਕਮਿਸ਼ਨ ਦੇ ਜਲਦੀ ਸੱਦੇ ਜਾਣ 'ਤੇ ਜ਼ੋਰ ਦਿੱਤਾ ਗਿਆ। ਰਵਾਇਤੀ ਤੌਰ 'ਤੇ ਮਜ਼ਬੂਤ ਦੁਵੱਲੇ ਸਬੰਧਾਂ 'ਤੇ ਤਸੱਲੀ ਪ੍ਰਗਟ ਕਰਦੇ ਹੋਏ, ਪੱਖਾਂ ਨੇ ਵੱਖ-ਵੱਖ ਖੇਤਰਾਂ, ਖਾਸ ਤੌਰ 'ਤੇ ਵਪਾਰ ਅਤੇ ਨਿਵੇਸ਼, ਸਿੱਖਿਆ, ਵਿਗਿਆਨ ਅਤੇ ਉੱਚ-ਤਕਨਾਲੋਜੀ, ਸਿਹਤ, ਸੈਰ-ਸਪਾਟਾ ਆਦਿ ਦੇ ਸਹਿਯੋਗ ਵਿੱਚ ਵਿਭਿੰਨਤਾ ਲਿਆਉਣ ਲਈ ਸਹਿਮਤੀ ਪ੍ਰਗਟਾਈ।

4. ਭਾਰਤੀ ਪੱਖ ਨੇ ਕੁਵੈਤ ਵਿੱਚ ਵਿਸ਼ਾਲ ਭਾਰਤੀ ਭਾਈਚਾਰੇ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਕੁਵੈਤੀ ਪੱਖ ਦਾ ਧੰਨਵਾਦ ਕੀਤਾ ਅਤੇ ਭਾਈਚਾਰੇ ਨੂੰ ਪ੍ਰਭਾਵਿਤ ਕਰਨ ਵਾਲੇ ਕੁਝ ਕੌਂਸਲਰ ਮੁੱਦਿਆਂ ਨੂੰ ਹੋਰ ਵਧੇਰੇ ਉਨੱਤਕਾਰੀ ਅਤੇ ਸੁਚਾਰੂ ਬਣਾਉਣ ਦੀ ਉਮੀਦ ਜਤਾਈ। ਦੋਵਾਂ ਧਿਰਾਂ ਨੇ ਸੁਰੱਖਿਅਤ ਅਤੇ ਕਾਨੂੰਨੀ ਪ੍ਰਵਾਸ ਨੂੰ ਯਕੀਨੀ ਬਣਾਉਣ ਵਿੱਚ ਘਰੇਲੂ ਖੇਤਰ ਦੇ ਕਾਮਿਆਂ ਲਈ ਦੁਵੱਲੇ ਸਮਝੌਤਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੀ ਮਹੱਤਤਾ 'ਤੇ ਸਹਿਮਤੀ ਪ੍ਰਗਟਾਈ।

5. ਧਿਰਾਂ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਸੁਧਾਰਾਂ ਸਮੇਤ ਸੰਯੁਕਤ ਰਾਸ਼ਟਰ ਅਤੇ ਆਪਸੀ ਹਿੱਤਾਂ ਦੇ ਹੋਰ ਬਹੁਪੱਖੀ ਮੁੱਦਿਆਂ 'ਤੇ ਵੀ ਚਰਚਾ ਕੀਤੀ ਅਤੇ ਗੱਲਬਾਤ ਜਾਰੀ ਰੱਖਣ ਲਈ ਸਹਿਮਤੀ ਪ੍ਰਗਟਾਈ। ਭਾਰਤੀ ਪੱਖ ਨੇ ਦੱਸਿਆ ਕਿ ਉਹ ਛੇਤੀ ਹੀ ਆਪਣੀ ਪ੍ਰਧਾਨਗੀ ਹੇਠ ਐਸਸੀਓ ਵਿੱਚ ਇੱਕ ਸੰਵਾਦ ਸਹਿਭਾਗੀ ਵਜੋਂ ਕੁਵੈਤ ਦਾ ਸੁਆਗਤ ਕਰਨ ਲਈ ਉਤਸੁਕ ਹੈ।

6. ਐਫਓਸੀ ਤੋਂ ਦੁਵੱਲੇ ਸਬੰਧਾਂ ਵਿੱਚ ਲੋੜੀਂਦੀ ਗਤੀਸ਼ੀਲਤਾ ਲਿਆਉਣ ਦੀ ਉਮੀਦ ਹੈ। ਆਪਸੀ ਸੁਵਿਧਾਜਨਕ ਸਮੇਂ 'ਤੇ ਕੁਵੈਤ ਵਿੱਚ ਅਗਲੀ ਐਫਓਸੀ ਆਯੋਜਿਤ ਕਰਨ ਸਬੰਧੀ ਸਹਿਮਤੀ ਪ੍ਰਗਟਾਈ ਗਈ।

**ਨਵੀਂ ਦਿੱਲੀ**

**02 ਮਈ, 2023**